# Joint Press Release- 7th Round of India-Bangladesh Joint Consultative Commission

June 19, 2022

....................

## ਭਾਰਤ-ਬੰਗਲਾਦੇਸ਼ ਸਾਂਝਾ ਸਲਾਹਕਾਰ ਕਮਿਸ਼ਨ ਦੇ 7ਵੇਂ ਦੌਰ ਦੀ ਬੈਠਕ ਬਾਰੇ ਸਾਂਝਾ ਪ੍ਰੈਸ ਬਿਆਨ

19 ਜੂਨ, 2022

1. ਭਾਰਤ-ਬੰਗਲਾਦੇਸ਼ ਸਾਂਝਾ ਸਲਾਹਕਾਰ ਕਮਿਸ਼ਨ (JCC) ਦੇ ਸੱਤਵਾਂ ਗੇੜ ਦੀ ਬੈਠਕ 19 ਜੂਨ, 2022 ਨੂੰ ਨਵੀਂ ਦਿੱਲੀ ਵਿੱਚ ਹੋਈ। JCC ਦੀ ਸਹਿ-ਪ੍ਰਧਾਨਗੀ ਭਾਰਤ ਦੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਅਤੇ ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਡਾ. ਏ.ਕੇ. ਅਬਦੁਲ ਮੋਮਨ, ਐਮ.ਪੀ. ਨੇ ਕੀਤੀ।

2. ਦੋਵਾਂ ਮੰਤਰੀਆਂ ਨੇ ਬੰਗਲਾਦੇਸ਼ ਦੀ 1971 ਵਿਚ ਲੜੀ ਆਜ਼ਾਦੀ ਦੀ ਜੰਗ ਦੀਆਂ ਸਾਂਝੀਆਂ ਕੁਰਬਾਨੀਆਂ ਤੋਂ ਪੈਦਾ ਹੋਏ, ਦੋਵਾਂ ਧਿਰਾਂ ਦੇ ਨਿੱਘੇ ਸਬੰਧਾਂ ਨੂੰ ਯਾਦ ਕੀਤਾ, ਜਿਨ੍ਹਾਂ ਸਦਕਾ ਦੋਨਾਂ ਦੇ ਨੇੜਲੇ ਇਤਿਹਾਸਕ ਅਤੇ ਦੋਸਤਾਨਾ ਸਬੰਧ ਹਨ, ਜੋ ਰਣਨੀਤਕ ਭਾਈਵਾਲੀ ਦੀ ਰਵਾਇਤੀ ਧਾਰਨਾ ਤੋਂ ਅੱਗੇ ਹਨ।

3. ਮੰਤਰੀਆਂ ਨੇ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦੀ ਜਨਮ ਸ਼ਤਾਬਦੀ ਸਾਂਝੇ ਤੌਰ 'ਤੇ ਮਨਾਉਣ, ਬੰਗਲਾਦੇਸ਼ ਦੀ ਆਜ਼ਾਦੀ ਦੀ 50ਵੀਂ ਵਰ੍ਹੇਗੰਢ ਅਤੇ ਭਾਰਤ-ਬੰਗਲਾਦੇਸ਼ ਕੂਟਨੀਤਕ ਸਬੰਧਾਂ ਦੀ ਸੁਨਹਿਰੀ ਵਰ੍ਹੇਗੰਢ ਮਨਾਉਣ ਸਬੰਧੀ 2021 ਵਿੱਚ ਭਾਰਤੀ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੁਆਰਾ ਕੀਤੇ ਗਏ ਦੌਰਿਆਂ ਦਾ ਸੁਆਗਤ ਕੀਤਾ, ਜਿਨ੍ਹਾਂ ਸਦਕਾ ਦੁਵੱਲੇ ਸਬੰਧ ਹੋਰ ਮਜ਼ਬੂਤ ਹੋਏ ਹਨ।

4. ਮੰਤਰੀਆਂ ਨੇ ਇਸ ਗੱਲ ਦੀ ਸ਼ਲਾਘਾ ਕੀਤੀ ਕਿ ਪਿਛਲੇ ਦਹਾਕੇ ਵਿੱਚ ਦੋਵਾਂ ਦੇਸ਼ਾਂ ਦਰਮਿਆਨ ਸਾਂਝਾ ਵਿਸ਼ਵਾਸ ਅਤੇ ਆਪਸੀ ਸਤਿਕਾਰ ਮਜ਼ਬੂਤ ਹੋਇਆ ਹੈ, ਜੋ ਦੁਵੱਲੇ ਅਤੇ ਖੇਤਰੀ ਸਹਿਯੋਗ ਲਈ ਮਿਸਾਲ ਹੈ। ਇਸਦੀ ਤਾਜ਼ਾ ਮਿਸਾਲ ਮਈ, 2022 ਵਿੱਚ ਕਾਨਸ ਫਿਲਮ ਫੈਸਟੀਵਲ ਵਿੱਚ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਉੱਤੇ ਸਾਂਝੇ ਤੌਰ 'ਤੇ ਬਣਾਈ ਗਈ ਬਾਇਓਪਿਕ 'ਮੁਜੀਬ - ਮੇਕਿੰਗ ਆਫ ਏ ਨੇਸ਼ਨ' ਦੇ ਟ੍ਰੇਲਰ ਦਾ ਲਾਂਚ ਹੋਣਾ ਹੈ।

5. ਦੋਵਾਂ ਮੰਤਰੀਆਂ ਨੇ ਇਹ ਗੱਲ ਕਹੀ ਕਿ ਕੋਵਿਡ -19 ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਬੁਲਾਈ ਗਈ ਇਹ ਪਹਿਲੀ ਵਿਅਕਤੀਗਤ JCC ਮੀਟਿੰਗ ਸੀ, ਜਿਸਦਾ ਪਿਛਲਾ ਐਡੀਸ਼ਨ 2020 ਵਿੱਚ ਵਰਚੁਅਲ ਮਾਧਿਅਮ ਰਾਹੀਂ ਕੀਤਾ ਗਿਆ ਸੀ। ਉਹਨਾਂ ਨੇ ਕੋਵਿਡ -19 ਦਾ ਸਾਂਝੇ ਤੌਰ 'ਤੇ ਮੁਕਾਬਲਾ ਕਰਨ ਲਈ ਦੋਵਾਂ ਦੇਸ਼ਾਂ ਦੁਆਰਾ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ। ਮੰਤਰੀਆਂ ਨੇ ਦਸੰਬਰ, 2021 ਵਿੱਚ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਅਤੇ ਮਾਰਚ, 2021 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਕੀਤੇ ਗਏ ਦੌਰਿਆਂ, ਦਸੰਬਰ, 2020 ਵਿੱਚ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਵਿਚਕਾਰ ਹੋਏ ਵਰਚੁਅਲ ਸੰਮੇਲਨ ਅਤੇ ਸਤੰਬਰ ,2020 ਵਿੱਚ ਹੋਈ JCC ਦੀ ਪਿਛਲੀ ਵਰਚੁਅਲ ਮੀਟਿੰਗ ਦੌਰਾਨ ਲਏ ਗਏ ਫੈਸਲਿਆਂ ਨੂੰ ਲਾਗੂ ਕਰਨ ਸਮੇਤ ਮੌਜੂਦਾ ਸਹਿਯੋਗ ਦੇ ਸਾਰੇ ਖੇਤਰਾਂ ਦੀ ਵਿਆਪਕ ਸਮੀਖਿਆ ਕੀਤੀ।

6. ਮੰਤਰੀਆਂ ਨੇ ਇਸ ਗੱਲ 'ਤੇ ਤਸੱਲੀ ਜ਼ਾਹਰ ਕੀਤੀ ਕਿ ਕੋਵਿਡ-19 ਮਹਾਂਮਾਰੀ ਤੋਂ ਪੈਦਾ ਹੋਈਆਂ ਚੁਣੌਤੀਆਂ ਦੇ ਬਾਵਜੂਦ ਦੋਵੇਂ ਦੇਸ਼ਾਂ ਨੇ ਸੁਰੱਖਿਆ ਅਤੇ ਸਰਹੱਦੀ ਪ੍ਰਬੰਧਨ ਤੋਂ ਲੈ ਕੇ ਆਪਸੀ ਤੌਰ 'ਤੇ ਲਾਹੇਵੰਦ ਵਪਾਰ ਅਤੇ ਨਿਵੇਸ਼

ਪ੍ਰਵਾਹ ਦੇ ਨਾਲ-ਨਾਲ ਦੁਵੱਲੇ ਅਤੇ ਉਪ-ਪ੍ਰਵਾਹ, ਖੇਤਰੀ ਮਲਟੀਮੋਡਲ ਕਨੈਕਟੀਵਿਟੀ, ਵਧੇਰੇ ਸ਼ਕਤੀ ਅਤੇ ਊਰਜਾ ਸਹਿਯੋਗ, ਵਿਕਾਸ ਸਹਾਇਤਾ ਅਤੇ ਸਮਰੱਥਾ ਨਿਰਮਾਣ ਵਟਾਂਦਰੇ, ਸੱਭਿਆਚਾਰਕ ਅਤੇ ਨਜ਼ਦੀਕੀ ਲੋਕ ਪੱਧਰੀ ਸਬੰਧਾਂ ਨੂੰ ਅੱਗੇ ਵਧਾਉਣ ਦੇ ਨਾਲ-ਨਾਲ ਹਰ ਖੇਤਰ ਵਿੱਚ ਪਹਿਲਾਂ ਨਾਲੋਂ ਵਧੇਰੇ ਨੇੜਲੇ ਤਰੀਕੇ ਨਾਲ ਕੰਮ ਕੀਤਾ ਹੈ। ਦੋਵੇਂ ਮੰਤਰੀਆਂ ਨੇ ਸਾਂਝੀਆਂ ਨਦੀਆਂ ਅਤੇ ਜਲ ਸਰੋਤ ਪ੍ਰਬੰਧਨ, ਆਈਟੀ ਅਤੇ ਸਾਈਬਰ ਸੁਰੱਖਿਆ, ਨਵਿਆਉਣਯੋਗ ਊਰਜਾ, ਖੇਤੀਬਾੜੀ ਅਤੇ ਭੋਜਨ ਸੁਰੱਖਿਆ, ਟਿਕਾਊ ਵਪਾਰ, ਜਲਵਾਯੂ ਤਬਦੀਲੀ ਅਤੇ ਆਫ਼ਤ ਪ੍ਰਬੰਧਨ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਡੂੰਘਾ ਅਤੇ ਮਜ਼ਬੂਤ ਬਣਾਉਣ ਲਈ ਮਿਲ ਕੇ ਕੰਮ ਕਰਨ ਉੱਤੇ ਸਹਿਮਤੀ ਪ੍ਰਗਟਾਈ।

7. ਦੋਵੇਂ ਮੰਤਰੀਆਂ ਨੇ ਇਸ ਗੱਲ ਦੀ ਸ਼ਲਾਘਾ ਕੀਤੀ ਕਿ ਉੱਚ-ਪੱਧਰੀ ਦੌਰਿਆਂ ਤੋਂ ਛੁੱਟ ਵੱਖ-ਵੱਖ ਦੁਵੱਲੇ ਤੰਤਰਾਂ ਰਾਹੀਂ ਡੂੰਘੇ ਜੁੜਾਅ ਹੋਏ ਹਨ ਅਤੇ ਉਹਨਾਂ ਨੇ ਸਾਂਝੇਦਾਰੀ-ਨਿਰਮਾਣ ਯਤਨਾਂ ਨੂੰ ਨਵੇਂ ਜੋਸ਼ ਅਤੇ ਬਾਕਾਇਦਗੀ ਨਾਲ ਅੱਗੇ ਵਧਾਉਣ ਉੱਤੇ ਸਹਿਮਤੀ ਦਿੱਤੀ। ਇਸ ਸਬੰਧ ਵਿੱਚ ਦੋਵਾਂ ਮੰਤਰੀਆਂ ਨੇ ਆਪਣੇ ਅਧਿਕਾਰੀਆਂ ਨੂੰ ਸਹਿਯੋਗ ਵਿੱਚ ਤੇਜ਼ੀ ਲਿਆਉਣ, ਮਸਲਿਆਂ ਨੂੰ ਹੱਲ ਕਰਨ ਅਤੇ ਦੋਵਾਂ ਮੁਲਕਾਂ ਦੇ ਆਪਸੀ ਲਾਭ ਲਈ ਟਿਕਾਊ ਹੱਲ ਲੱਭਣ ਵੱਲ ਹੋਰ ਧਿਆਨ ਦੇਣ ਲਈ ਕਿਹਾ।

8. ਦੋਵਾਂ ਧਿਰਾਂ ਨੇ ਰਾਖੀਨ ਰਾਜ ਤੋਂ ਮਿਆਂਮਾਰ ਵਿੱਚ ਜ਼ਬਰਦਸਤੀ ਵਿਸਥਾਪਿਤ ਵਿਅਕਤੀਆਂ, ਜਿਨ੍ਹਾਂ ਨੂੰ ਮੌਜੂਦਾ ਸਮੇਂ ਬੰਗਲਾਦੇਸ਼ ਨੇ ਪਨਾਹ ਦਿੱਤੀ ਹੈ, ਦੀ ਸੁਰੱਖਿਅਤ, ਤੇਜ਼ ਅਤੇ ਟਿਕਾਊ ਵਾਪਸੀ ਦੇ ਮਹੱਤਵ ਦੀ ਗੱਲ ਦੁਹਰਾਈ।

9. ਦੋਵਾਂ ਦੇਸ਼ਾਂ ਦੇ ਸ਼ਾਨਦਾਰ ਦੁਵੱਲੇ ਸਬੰਧਾਂ ਦੀ ਗੱਲ ਕਹਿੰਦੇ ਹੋਏ ਦੋਵਾਂ ਮੰਤਰੀਆਂ ਨੇ ਆਗੂਆਂ ਦੇ ਫੈਸਲੇ ਤੇਜ਼ੀ ਨਾਲ ਲਾਗੂ ਕਰਨ ਅਤੇ ਦੁਵੱਲੇ ਸਹਿਯੋਗ ਦੇ ਸਾਰੇ ਖੇਤਰਾਂ ਵਿੱਚ ਆਪਸੀ ਸਬੰਧਾਂ ਨੂੰ ਹੋਰ ਡੂੰਘਾ ਅਤੇ ਮਜ਼ਬੂਤ ਕਰਨ ਲਈ ਨੇੜਲੇ ਸਹਿਯੋਗ ਦੀ ਮਹੱਤਤਾ ਦੁਹਰਾਈ।

10. ਨਵੀਂ ਦਿੱਲੀ ਦੀ ਆਪਣੀ ਫੇਰੀ ਦੌਰਾਨ ਵਿਦੇਸ਼ ਮੰਤਰੀ ਮੋਮਨ ਉਪ ਰਾਸ਼ਟਰਪਤੀ ਐਮ. ਵੈਂਕਈਆ ਨਾਇਡੂ ਅਤੇ ਭਾਰਤ ਸਰਕਾਰ ਦੇ ਹੋਰ ਪਤਵੰਤਿਆਂ ਨਾਲ ਸ਼ਿਸ਼ਟਾਚਾਰ ਮੁਲਾਕਾਤ ਵੀ ਕਰਨਗੇ।

11. ਇਸ ਗੱਲ 'ਤੇ ਸਹਿਮਤੀ ਹੋਈ ਕਿ ਭਾਰਤ-ਬੰਗਲਾਦੇਸ਼ JCC ਦਾ 8ਵਾਂ ਦੌਰ 2023 ਵਿੱਚ ਬੰਗਲਾਦੇਸ਼ ਵਿਖੇ ਹੋਵੇਗਾ।

ਨਵੀਂ ਦਿੱਲੀ

19 ਜੂਨ, 2022

DISCLAIMER: This is an approximate translation. The original is available in English on MEA's website and may be referred to as the official press release.